# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਮੇਲ ਆਈ ਡੀ deosebathinda@punjab education.gov.in

ਵੱਲ

ਸਮੂਹ ਸਕੂਲ ਮੁੱਖੀ
ਸਸਸਸ/ਸਹਸ/ਸਮਿਸ
ਜਿਲ੍ਹਾ ਬਠਿੰਡਾ ।
ਪੱਤਰ ਨੰ : ਜੀ-1/1 ( ) 2024 | 7055
ਮਿਤੀ : 04/01/2024

**ਵਿਸ਼ਾ : ਸੈਨੇਟਰੀ ਨੈਪਕਿਨ ਦੀ ਸਪਲਾਈ ਦੀਆਂ ਹਦਾਇਤਾਂ ਸਬੰਧੀ ।**

ਹਵਾਲਾ : ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਮੀਮੋ ਨੰ :ਸਸਅ/237720/ਸਿਵਲ ਵਰਕਸ /2023/330705 ਮਿਤੀ:18/12/2023 ਦੇ ਸਬੰਧ ਵਿਚ ।

ਉਪਰੋਕਤ ਵਿਸ਼ਾ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਸੂਚਨਾ ਅੱਜ **ਮਿਤੀ: 04/01/2024 ਨੂੰ ਦੁਪਹਿਰ 1:00 ਵਜ਼ੇ** ਤੱਕ ਆਪਣੇ ਬਲਾਕ ਦੇ ਸਬੰਧਤ ਨੋਡਲ ਅਫਸਰ ਨੂੰ ਜਮ੍ਹਾਂ ਕਰਵਾਈ ਜਾਵੇ ਤਾਂ ਜੋ ਸਮੇਂ ਸਿਰ ਮੁੱਖ ਦਫਤਰ ਨੂੰ ਭੇਜੀ ਜਾ ਸਕੇ । ਸੂਚਨਾ ਨਾ ਭੇਜਣ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ।

4/1/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

18/12/2023

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਈ-ਬਲਾਕ, ਪੰਜਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ. ਨਗਰ (ਮੋਹਾਲੀ)

ਫੋਨ ਨੰ. 0172-5212345/349, ਈ-ਮੇਲ rmsa.civilworks@punjabeducation.gov.in

ਵੱਲ

ਸਮੂਹ ਡਿਪਟੀ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ।

ਮੀਮੋ ਨੰ. ਸਸਅ/237720/ਸਿਵਲ ਵਰਕਸ/2023/ 330705
ਮਿਤੀ 18/12/2023

ਵਿਸ਼ਾ ਸੈਨੇਟਰੀ ਨੈਪਕਿਨਸ ਦੀ ਸਪਲਾਈ ਦੀਆਂ ਹਦਾਇਤਾਂ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਸਾਲ 2023-24 ਤਹਿਤ 6ਵੀਂ ਤੋਂ 12ਵੀਂ ਵਿਦਿਆਰਥਣਾਂ ਲਈ ਫਰਮਾਂ ਵੱਲੋਂ ਸੈਨੇਟਰੀ ਨੈਪਕਿਨਸ ਮੁਹੱਈਆ ਕਰਵਾਏ ਜਾ ਰਹੇ ਹਨ। ਹਰ ਬਲਾਕ ਵਿੱਚ ਆਪ ਦੇ ਦਫਤਰ ਵੱਲੋਂ ਤਜਵੀਜਤ ਕੀਤੇ ਅਨੁਸਾਰ ਇੱਕ ਸਕੂਲ ਨੂੰ ਨੋਡਲ ਸਕੂਲ ਬਣਾਇਆ ਗਿਆ।

2.0 ਇਸ ਸਬੰਧੀ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਨੋਡਲ ਸਕੂਲਾਂ ਵੱਲੋਂ ਫਰਮ ਤੋਂ ਸੈਨੇਟਰੀ ਨੈਪਕਿਨ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਦੇ ਅਧੀਨ ਆਉਂਦੇ ਸਕੂਲਾਂ ਦੀਆਂ ਵਿਦਿਆਰਥਣਾਂ ਨੂੰ ਸਮੇਂ ਸਿਰ ਸੈਨੇਟਰੀ ਨੈਪਕਿਨ ਪ੍ਰਾਪਤ ਨਹੀਂ ਹੁੰਦੇ। ਇਸ ਨਾਲ ਸਰਕਾਰ ਵੱਲੋਂ ਦਿੱਤੀ ਜਾ ਰਹੀ ਇਸ ਸਹੂਲਤ ਦਾ ਵਿਦਿਆਰਥਣਾਂ ਨੂੰ ਸਮੇਂ ਸਿਰ ਲਾਭ ਪ੍ਰਾਪਤ ਨਹੀਂ ਹੋ ਰਿਹਾ। ਇਸ ਤੋਂ ਇਲਾਵਾ ਵੇਖਣ ਵਿੱਚ ਆਇਆ ਹੈ ਕਿ ਜਿਲ੍ਹੇ ਅਧੀਨ ਆਉਂਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥਣਾਂ ਦੀ ਗਿਣਤੀ ਮੁਤਾਬਿਕ Girls Toilet ਦੀ ਸੁਵਿਧਾ ਉਪਲਬਧ ਨਹੀਂ ਹੈ ਜਿਸ ਸਬੰਧੀ ਤਜਵੀਜ ਇਸ ਸ਼ਾਖਾ ਨੂੰ ਸਹੀ ਪ੍ਰਾਪਤ ਨਹੀਂ ਹੁੰਦੀ।

3.0 ਉਕਤ ਸਬੰਧੀ ਆਪ ਜੀ ਨੂੰ EDS 42 ਸਕੀਮ ਦੇ ਨੋਡਲ ਅਫਸਰ ਨਿਯੁਕਤ ਕੀਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਫਰਮਾਂ ਵੱਲੋਂ ਸੈਨੇਟਰੀ ਨੈਪਕਿਨ ਪ੍ਰਾਪਤ ਹੋਣ ਉਪਰੰਤ ਇੱਕ ਹਫਤੇ ਦੇ ਅੰਦਰ-ਅੰਦਰ ਵਿਦਿਆਰਥਣਾਂ ਨੂੰ ਸੈਨੇਟਰੀ ਨੈਪਕਿਨਸ ਉਪਲਬੱਧ ਕਰਵਾਏ ਜਾਣ ਅਤੇ ਵਿਦਿਆਰਥਣਾਂ ਲਈ Girls Toilet ਦੀ ਸੁਵਿਧਾ ਸਬੰਧੀ ਇਸ ਦਫਤਰ ਨੂੰ ਸਮੇਂ ਸਿਰ ਅਤੇ ਸਹੀ ਤਜਵੀਜ ਭੇਜੀ ਜਾਵੇ। ਜਦੋਂ ਵੀ ਨੋਡਲ ਸਕੂਲਾਂ ਵਲੋਂ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਸੈਨੇਟਰੀ ਨੈਪਕਿਨ ਮੁਹੱਇਆ ਕਰਵਾਏ ਜਾਂਦੇ ਹਨ, ਇਸ ਸਬੰਧੀ ਸੂਚਨਾ ਪ੍ਰੋਫਾਰਮੇ ਸਮੇਤ ਹਰ ਬਲਾਕ ਦੇ ਨੋਡਲ ਸਕੂਲਾਂ ਤੋਂ ਆਪਣੇ ਪੱਧਰ ਤੇ ਇਕੱਤਰ ਕਰਕੇ ਇਸ ਦਫਤਰ ਨੂੰ ਜਲਦ ਤੋਂ ਜਲਦ ਭੇਜਣੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਈ. ਐਂਡ ਆਈ.)
ਪੰਜਾਬ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-1/1 ( )2023 / 7021 ਮਿਤੀ: 19/12/2023

ਉਪਰੋਕਤ ਦਾ ਉਤਾਰਾ ਸਬੰਧਤ ਸਕੂਲਾਂ ਦੇ ਨੋਡਲ ਅਫਸਰਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਉਕਤ ਅਨੁਸਾਰ ਰਿਪੋਰਟ ਤਿਆਰ ਕਰਕੇ ਦਿੱਤੀ ਗਈ ਮੇਲ.ਆਈ.ਡੀ ਤੇ ਤੁਰੰਤ ਭੇਜਣੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ

Scanned with AnyScanner